# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

## ਪੰਜਾਬ ਓਪਨ ਸਕੂਲ


ਨੰ: ਪਸਸਬ- ਓਸ/2012..1037

ਮਿਤੀ:-17-5-2012

ਵੱਲ

ਸਮੂਹ ਪ੍ਰਿੰਸੀਪਲ,

ਐਕਰੀਡਿਟਿਡ ਸਕੂਲਜ, ਪੰਜਾਬ ਓਪਨ ਸਕੂਲ।

ਵਿਸ਼ਾ :- ਓਪਨ ਸਕੂਲ ਦੇ ਕੋਰਸਾਂ ਵਿੱਚ ਦਾਖਲੇ ਸਬੰਧੀ।

ਅਕਾਦਮਿਕ ਸਾਲ 2012-13 ਲਈ ਪੰਜਾਬ ਓਪਨ ਸਕੂਲ ਦੇ ਮੈਟ੍ਰਿਕੁਲੇਸ਼ਨ ਅਤੇ ਸੀਨੀਅਰ ਸੈਕੰਡਰੀ ਕੋਰਸਾਂ ਵਿੱਚ ਦਾਖਲੇ ਸ਼ੁਰੂ ਹਨ। ਇਹਨਾਂ ਕੋਰਸਾਂ ਵਿੱਚ ਵਿਦਿਆਰਥੀਆਂ ਨੂੰ ਦਾਖਲ ਕਰਨ ਲਈ ਬਿਨਾਂ ਲੇਟ ਫੀਸ ਨਾਲ ਮਿਤੀ 23-5-2012 ਅਤੇ 250 ਰੁਪਏ ਲੇਟ ਫੀਸ ਨਾਲ ਮਿਤੀ 13-6-2012 ਨਿਰਧਾਰਤ ਕੀਤੀ ਗਈ ਹੈ। ਪਿਛਲੇ ਸਾਲਾਂ ਦੌਰਾਨ ਅਧਿਐਨ ਕੇਂਦਰਾਂ ਨੂੰ ਵਿਦਿਆਰਥੀਆਂ ਦੇ ਦਾਖਲਾ ਫਾਰਮ ਹਦਾਇਤਾਂ ਅਨੁਸਾਰ ਮੁਕੰਮਲ ਕਰਕੇ ਬੋਰਡ ਦੀ ਓਪਨ ਸਕੂਲ ਸ਼ਾਖਾ ਵਿੱਚ ਜਮ੍ਹਾਂ ਕਰਵਾਉਣ ਲਈ ਦੋ ਦਿਨ ਦਾ ਸਮਾਂ ਦਿੱਤਾ ਜਾਂਦਾ ਸੀ। ਮਿਤੀ 10-1-2012 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ **ਅਧਿਐਨ ਕੇਂਦਰਾਂ ਵਲੋਂ ਖੇਤਰੀ ਦਫਤਰਾਂ ਵਿੱਚ ਦਾਖਲਾ ਫੀਸ ਜਮ੍ਹਾਂ ਕਰਾਉਣ ਦੀ ਮਿਤੀ ਉਪਰੰਤ ਪੰਜ ਦਿਨਾਂ ਦੇ ਅੰਦਰ ਅੰਦਰ ਬੋਰਡ ਦੇ ਮੁੱਖ ਦਫਤਰ ਵਿਖੇ ਸਬੰਧਤ ਵਿਦਿਆਰਥੀਆਂ ਦੇ ਦਾਖਲਾ ਫਾਰਮ ਜਮ੍ਹਾਂ ਕਰਵਾਏ ਜਾ ਸਕਦੇ ਹਨ।**

ਇਸ ਫੈਸਲੇ ਦੀ ਲੋਅ ਵਿੱਚ ਮਿਤੀ 23-5-2012 ਤੋਂ ਮਿਤੀ 28-5-2012 ਤੱਕ ਬਿਨਾਂ ਲੇਟ ਫੀਸ ਨਾਲ ਅਤੇ 250 ਰੁਪਏ ਲੇਟ ਫੀਸ ਨਾਲ ਦਾਖਲਾ ਫਾਰਮ ਓਪਨ ਸਕੂਲ ਸ਼ਾਖਾ ਵਿੱਚ ਮਿਤੀ 18-6-2012 ਤੱਕ ਕੰਮ ਵਾਲੇ ਦਿਨ ਜਮ੍ਹਾਂ ਕਰਵਾਏ ਜਾਣਗੇ।

2. ਸੀਨੀਅਰ ਸੈਕੰਡਰੀ (ਓਪਨ ਸਕੂਲ) ਦੇ ਪ੍ਰਾਸਪੈਕਟਸ ਵਿੱਚ **ਦਾਖਲੇ ਲਈ ਯੋਗਤਾਵਾਂ ਸਬੰਧੀ ਸ਼ਰਤ ਨੰ:** 4.2 ਨੂੰ ਨਿਮਨ ਅਨੁਸਾਰ ਪੜ੍ਹਿਆ ਜਾਵੇ:-

4.2 **ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕੁਲੇਸ਼ਨ ਜਾਂ ਇਸ ਦੇ ਬਰਾਬਰ ਦੀ ਕੋਈ ਪਰੀਖਿਆ ਪਾਸ ਕੀਤੀ ਹੋਵੇ ਅਤੇ ਮੈਟ੍ਰਿਕੁਲੇਸ਼ਨ ਕੋਰਸ ਦੇ ਦਾਖਲੇ ਤੋਂ ਘੱਟ ਤੋਂ ਘੱਟ ਦੋ ਅਕਾਦਮਿਕ ਸਾਲ ਦੀ ਵਿੱਥ ਰੱਖਦਾ ਹੋਵੇ।**

ਉਪਰੋਕਤ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ ਕਿ ਸੀਨੀਅਰ ਸੈਕੰਡਰੀ ਕੋਰਸ ਵਿੱਚ ਵਿਦਿਆਰਥੀਆਂ ਨੂੰ ਦਾਖਲ ਕਰਦੇ ਸਮੇਂ ਮੈਟ੍ਰਿਕੁਲੇਸ਼ਨ ਦੇ ਦਾਖਲੇ ਤੋਂ ਸੀਨੀਅਰ ਸੈਕੰਡਰੀ ਕੋਰਸ ਦੇ ਦਾਖਲੇ ਸਮੇਂ ਤੱਕ ਦੋ ਸਾਲ ਦੀ ਵਿੱਥ ਹੋਣੀ ਚਾਹੀਦੀ ਹੈ।

ਉਪ ਡਾਇਰੈਕਟਰ (ਓਪਨ ਸਕੂਲ)